Surrey Schools
LEADERSHIP IN LEARNING

Tel: 604.596.7733
www.sd36.bc.ca

# ਮਾਪਿਆਂ ਦੇ ਹਿੱਸਾ ਲੈਣ ਨਾਲ ਜ਼ਰੂਰ ਫਰਕ ਪੈਂਦਾ ਹੈ
# Parent Involvement makes the Difference

ਜਿਹਨਾਂ ਬੱਚਿਆਂ ਦੇ ਮਾਪੇ ਸਕੂਲ ਦੀਆਂ ਕਾਰਵਾਈਆਂ ਵਿੱਚ ਸਾਰਾ ਸਾਲ ਭਾਗ ਲੈਂਦੇ ਹਨ, ਓਹਨਾਂ ਬੱਚਿਆਂ ਦੇ ਨੰਬਰ ਵੀ ਵਧੀਆ ਆਂਓਦੇ ਹਨ, ਸਿੱਖਣ ਵਿੱਚ ਵੀ ਕੋਈ ਕਸਰ ਨਹੀਂ ਰਹਿੰਦੀ ਅਤੇ ਬੱਚਿਆਂ ਦਾ ਆਤਮ ਵਿਸ਼ਵਾਸ਼ ਵੀ ਵੱਧਦਾ ਹੈ । ਜਦੋਂ ਮਾਪੇ ਸਕੂਲ ਵਿੱਚ ਭਾਗ ਲੈਂਦੇ ਹਨ ਤਾਂ ਓਹਨਾਂ ਦੇ ਬੱਚੇ ਅਕਸਰ ਤਰੱਕੀ ਕਰਦੇ ਹਨ ।

ਕਿਓਂਕਿ ਮਾਪੇ ਘਰ ਚਲਾਓਣ ਲਈ ਕੰਮਾ ਕਾਰਾਂ ਵਿੱਚ ਕਾਫੀ ਰੁੱਝੇ ਹੋਏ ਹੁੰਦੇ ਹਨ, ਸਕੂਲ ਵਿੱਚ ਹਿੱਸਾ ਲੈਣ ਲਈ ਫਿਰ ਕਈ ਤਰੀਕੇ ਹਨ ਜਿਹਦੇ ਨਾਲ ਬੱਚਿਆਂ ਦੀ ਪੜ੍ਹਾਈ ਓਪਰ ਵਧੀਆ ਅਸਰ ਪੈਂਦਾ ਹੈ ।

ਬੱਚੇ ਅਕਸਰ ਇਹ ਛੇਤੀ ਹੀ ਜਾਣ ਜਾਂਦੇ ਹਨ ਕਿ ਓਹਨਾਂ ਦੇ ਮਾਪੇ ਪੜ੍ਹਾਈ ਦੇ ਕਿਤਨੇ ਕੁ ਕਦਰਦਾਨ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਮਾਪੇ ਓਹਨਾਂ ਦੀ ਪੜ੍ਹਾਈ ਵਿੱਚ ਜ਼ਰੂਰ ਹਿੱਸਾ ਲੈਣ । ਤੁਹਾਡਾ ਬੱਚਾ ਹਰ ਰੋਜ਼ ਸਕੂਲ ਕੀ ਕਰਦਾ ਹੈ, ਓਹ ਕੀ ਸਿੱਖ ਕੇ ਆਇਆ ਹੈ ਅਤੇ ਕੀ ਓਸਦਾ ਘਰ ਕਰਨ ਲਈ ਕੰਮ ਹੈ, ਇਹਨਾਂ ਵਿੱਚ ਜਾਣਕਾਰੀ ਲੈਣੀ ਬਹੁਤ ਜ਼ਰੂਰੀ ਹੈ । ਜਦੋਂ ਤੁਸੀਂ ਬੱਚੇ ਦੇ ਪੇਪਰ ਜਾ ਕਾਪੀਆਂ ਇਤਆਦਿਕ ਦੇਖਦੇ ਹੋ, ਕਿਤਾਬਾਂ ਵਿੱਚ ਦਿਲਚਸਪੀ ਲੈਂਦੇ ਹੋ ਤਾਂ ਬੱਚਾ ਪ੍ਰਭਾਵਿਤ ਹੁੰਦਾ ਹੈ । ਰਲ ਮਿਲ ਕੇ ਬੈਠ ਕਿ ਕਿਤਾਬਾਂ ਪੜਨਾਂ ਬਹੁਤ ਹੀ ਜ਼ਰੂਰੀ ਹੈ । ਕਿਤਾਬਾਂ ਵਿੱਚ ਪੜ੍ਹੀਆਂ ਕਹਾਣੀਆਂ ਜਾਂ ਨਾਵਲਾਂ ਵਾਰੇ ਵਿਚਾਰ ਕਰਨਾ ਬਹੁਤ ਹੀ ਲਾਭਦਾਇਕ ਹੈ ।
ਆਮ ਤੌਰ ਓਪਰ ਬੱਚੇ ਕੋਲ ਰੋਜ਼ ਦਾ ਪਲੈਨਰ ਹੁੰਦਾ ਹੈ, ਓਸ ਵਿੱਚ ਅਧਿਆਪਕ ਘਰ ਵਾਲਾ ਕੰਮ ਲਿਖਾ ਕਿ ਭੇਜਦੇ ਹਨ, ਕਈ ਵਾਰ ਮਾਪਿਆਂ ਨੂੰ ਇਸ ਓਪਰ ਦਸਖਤ ਵੀ ਕਰਨੇ ਪੈਂਦੇ ਹਨ, ਇਹ ਜ਼ਰੂਰੀ ਹੈ ਕਿ ਇਸ ਵਲ ਧਿਆਨ ਦਿੱਤਾ ਜਾਵੇ ।
ਸਕੂਲ ਵਿੱਚ ਅਕਸਰ ਕਈ ਤਰਾਂ ਦੀਆਂ ਕਾਰਵਾਈਆਂ ਹੁੰਦੀਆਂ ਹੀ ਰਹਿੰਦੀਆਂ ਹਨ, ਇਹਨਾਂ ਵਿੱਚ ਭਾਗ ਲੈਣ ਨਾਲ ਅਤੇ ਜੋ ਅਧਿਆਪਕਾਂ ਨਾਲ ਰਿਪੋਰਟ ਕਾਰਡ ਮਿਲਣ ਤੋਂ ਬਾਅਦ ਮੁਲਾਕਾਤਾਂ ਹੁੰਦੀਆਂ ਹਨ, ਓਹਨਾਂ ਵਿੱਚ ਭਾਗ ਲੈਣਾ ਵਧੀਆ ਆਦਿਤ ਹੈ ।

ਸਕੂਲ ਵਿੱਚ ਅਤੇ ਬੱਚੇ ਦੀ ਪੜ੍ਹਾਈ ਵਿੱਚ ਹਿੱਸਾ ਲੈਣ ਲਈ ਸੁਝਾਅ:

1. ਬੱਚੇ ਦੇ ਅਧਿਆਪਕ ਨੂੰ ਮਿਲੋ ਅਤੇ ਓਸਦੀ ਤਰੱਕੀ ਬਾਰੇ ਪੁੱਛੋ ।। ਬੱਚੇ ਦੀ ਹੌਸਂਲਾ ਅਫਜ਼ਾਈ ਕਰੋ । ਸਕੂਲ ਵਿੱਚ ਆਓ ।
2. ਬੱਚੇ ਦੀਆਂ ਵਧੀਆ ਆਦਤਾਂ ਬਣਾਓਣ ਵਿੱਚ ਅਤੇ ਓਹਦੇ ਕੰਮ ਨੂੰ ਸੰਗਠਨ ਕਰਨ ਲਈ ਮਦਦ ਕਰੋ । ਬੱਚੇ ਦੇ ਰੋਜ਼ ਦੇ ਪੜ੍ਹਨ ਲਈ ਘਰ ਵਿੱਚ ਇੱਕ ਸ਼ਾਂਤਮਈ ਥਾਂ ਮੁਕਰੱਰ ਕਰੋ । ਓਸਦੀ ਪੜ੍ਹਾਈ ਦਾ ਸਾਰਾ ਸਮਾਨ ਇਕ ਥਾਂ ਹੀ ਹੋਣਾ ਚਾਹੀਦਾ ਹੈ ।
3. ਸਕੂਲ ਵਲੋਂ ਮਿਲਿਆ ਕੰਮ ਜ਼ਰੂਰ ਚੈਕੱ ਕਰੋ ਅਤੇ ਓਸਦੀ ਵਧੀਆ ਤਰੀਕੇ ਨਾਲ ਪੂਰਤੀ ਦੀ ਨਿਗਰਾਨੀ ਰੱਖੋ ।
4. ਬੱਚੇ ਨੂੰ ਕਦੇ ਵੀ ਇੱਕ ਇਮਤਿਹਾਨ ਜਾਂ ਇਕ ਜਮਾਤ ਦੇ ਨਤੀਜੇ ਓਪਰ ਨਾਂ ਬੁਰਾ ਭਲਾ ਕਹੋ । ਸਗੋਂ ਇਸ ਤਰਾਂ ਦੇ ਮੌਕੇ ਨੂੰ ਲੈ ਕਿ ਅੱਗੇ ਵਾਸਤੇ ਸੁਧਾਰਣ ਲਈ ਰਸਤਾ ਦਿਖਾਓ । ਓਸਦੀ ਮਦਦ ਕਰੋ, ਟੀਚੇ ਸੈਟੱ ਕਰਨ ਦੀ ਤਾਂ ਕਿ ਕਾਮਯਾਬੀ ਮਿਲ ਸਕੇ ।
5. ਹਰ ਰੋਜ਼ ਬੱਚੇ ਨਾਲ ਬੈਠ ਕਿ ਕਿਤਾਬ ਪੜ੍ਹੋ । ਖਾਸ ਕਰਕੇ ਛੋਟੇ ਬੱਚਿਆਂ ਨਾਲ । ਵੱਡੇ ਬੱਚਿਆਂ ਨਾਲ ਬੈਠ ਕਿ ਕਿਸੇ ਅਖਬਾਰ ਦੇ ਲੇਖ ਨੂੰ ਪੜ੍ਹ ਕਿ ਵਿਚਾਰੋ । ਬੱਚੇ ਦੇ ਵਿਚਾਰਾਂ ਦੀ ਕਦਰ ਕਰੋ ਅਤੇ ਗਲਤ ਵਿਚਾਰ ਨੂੰ ਸੁਧਾਰਣ ਦੀ ਕੋਸ਼ਿਸ਼ ਕਰੋ ।

ਅੰਤ ਵਿੱਚ ਇਹ ਜਾਨਣਾ ਜ਼ਰੂਰੀ ਹੈ ਕਿ ਮਾਪਿਆਂ ਨੂੰ ਬੱਚੇ ਦੀ ਸਕੂਲ ਦੀ ਜਿੰਦਗੀ ਵਿੱਚ ਭਾਗ ਲੈਣ ਨਾਲ ਹਰ ਪਾਸੇ ਤੋਂ ਲਾਭ ਹੋਵੇਗਾ । ਜਿਤਨਾ ਵੀ ਸਮਾਂ ਓਹਨ੍ਹਾਂ ਤੋਂ ਜਾਣਕਾਰੀ ਲੈਣ ਲਈ, ਸਮਝਣ ਅਤੇ ਸਮਝਾਓਣ ਲਈ ਲਾਇਆ ਜਾਵੇਗਾ, ਓਤਨੀ ਹੀ ਬੱਚੇ ਜ਼ਿਆਦਾ ਤਰੱਕੀ ਕਰਨਗੇ ਅਤੇ ਆਪਣਾ ਆਤਿਮ ਵਿਸ਼ਵਾਸ਼ ਵਧਾ ਸਕਣਗੇ ।